Punjab Government Gazette

**EXTRAORDINARY**

***Published by Authority***

CHANDIGARH, FRIDAY, MAY 15, 2026
(VAISAKHA 25, 1948 SAKA)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖ਼ਾਹਾਂ ਐਕਟ, 1947 (1947 ਦਾ ਪੰਜਾਬ ਐਕਟ ਨੰ. 6) | ...575-578 |
| | 2. ਪੰਜਾਬ ਉਪ ਮੰਤਰੀਆਂ ਦੀਆਂ ਤਨਖ਼ਾਹਾਂ ਅਤੇ ਭੱਤੇ ਐਕਟ, 1956 (1956 ਦਾ ਪੰਜਾਬ ਐਕਟ ਨੰ. 22) | ...579-582 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 15 ਮਈ, 2026

**ਨੰ. 40/ਭ:ਕ/2026.-** ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖ਼ਾਹਾਂ ਐਕਟ, 1947 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 15th May, 2026

**No. 40/L.C./2026.-** The Translation in Punjabi of the East Punjab Ministers' Salaries Act, 1947 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖ਼ਾਹਾਂ ਐਕਟ, 1947

(1947 ਦਾ ਪੂਰਬੀ ਪੰਜਾਬ ਐਕਟ ਨੰ. 6)

ਪੂਰਬੀ ਪੰਜਾਬ ਸਰਕਾਰ ਦੇ ਮੰਤਰੀਆਂ ਦੀ ਤਨਖ਼ਾਹਾਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਇਸ ਲਈ ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ:–

1. (1) ਇਸ ਐਕਟ ਨੂੰ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖ਼ਾਹਾਂ ਐਕਟ, 1947 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

1-ੳ. (ੳ) "ਘਰ" ਵਿੱਚ ਅਮਲਾ ਕੁਆਰਟਰ ਅਤੇ ਉਸ ਨਾਲ ਲੱਗਦੀਆਂ ਹੋਰ ਇਮਾਰਤਾਂ ਅਤੇ ਉਨ੍ਹਾਂ ਦੇ ਬਗ਼ੀਚੇ ਸ਼ਾਮਲ ਹਨ। ਪਰਿਭਾਸ਼ਾਵਾਂ ।

(ਅ) ਘਰ ਦੇ ਸੰਬੰਧ ਵਿੱਚ "ਸਾਂਭ-ਸੰਭਾਲ" ਵਿੱਚ ਸਥਾਨਕ ਦਰਾਂ ਅਤੇ ਕਰਾਂ ਦੀ ਅਦਾਇਗੀ, ਅਤੇ ਬਿਜਲੀ ਅਤੇ ਪਾਣੀ ਦੀ ਲਾਗਤ ਸ਼ਾਮਲ ਹੋਣਗੇ।

2. (1) (ੳ) ਮੁੱਖ-ਮੰਤਰੀ, ਨੂੰ ਪ੍ਰਤੀ ਮਹੀਨਾ ਇੱਕ ਲੱਖ ਰੁਪਏ ਦੀ ਦਰ ਨਾਲ ਤਨਖ਼ਾਹ, ਹਰੇਕ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਮਹਿਮਾਨ ਭੱਤਾ ਅਤੇ ਮੁਆਵਜ਼ੀ ਭੱਤਾ ਅਦਾ ਕੀਤਾ ਜਾਵੇਗਾ; ਅਤੇ

(ਅ) ਉਪ ਮੁੱਖ-ਮੰਤਰੀ ਅਤੇ ਹਰੇਕ ਮੰਤਰੀ, ਨੂੰ ਪ੍ਰਤੀ ਮਹੀਨਾ ਪੰਜਾਹ ਹਜ਼ਾਰ ਰੁਪਏ ਦੀ ਦਰ ਨਾਲ ਤਨਖ਼ਾਹ, ਹਰੇਕ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਮਹਿਮਾਨ ਭੱਤਾ ਅਤੇ ਮੁਆਵਜ਼ੀ ਭੱਤਾ ਅਦਾ ਕੀਤਾ ਜਾਵੇਗਾ।

(2) ਹਰੇਕ ਮੰਤਰੀ ਨੂੰ ਰਾਜ ਦੇ ਮੁੱਖ-ਦਫ਼ਤਰ ਵਿਖੇ ਇੱਕ ਬਿਨਾਂ ਕਿਰਾਏ ਦੇ ਸਰਕਾਰੀ ਘਰ ਮੁਹੱਈਆ ਕੀਤਾ ਜਾਵੇਗਾ, ਜਿਸਦੇ ਸਜਾਵਟ ਅਤੇ ਸਾਂਭ-ਸੰਭਾਲ ਚਾਰਜਿਜ਼ ਰਾਜ ਸਰਕਾਰ ਦੁਆਰਾ ਚੁੱਕੇ ਜਾਣਗੇ।

(2-ੳ) ਜੇ, ਉਪ-ਧਾਰਾ (2) ਵਿੱਚ ਬਿਆਨ ਕੀਤੇ ਅਨੁਸਾਰ, ਸਰਕਾਰੀ ਘਰ ਦੀ ਗ਼ੈਰ-ਉਪਲੱਬਧਤਾ ਕਾਰਨ ਰਾਜ ਸਰਕਾਰ ਦੁਆਰਾ ਕਿਸੇ ਮੰਤਰੀ ਨੂੰ ਬਿਨਾਂ ਕਿਰਾਏ ਦੇ ਸਰਕਾਰੀ ਘਰ ਮੁਹੱਈਆ ਨਹੀਂ ਕਰਵਾਇਆ ਜਾਂਦਾ ਹੈ ਅਤੇ ਉਹ ਰਾਜ ਦੇ ਮੁੱਖ-ਦਫ਼ਤਰ ਵਿਖੇ ਆਪਣੇ ਵੱਲੋਂ ਕਿਰਾਏ ਤੇ ਲਏ ਗਏ ਘਰ ਵਿੱਚ ਰਹਿੰਦਾ ਹੈ, ਤਾਂ ਉਹ ਅਜਿਹੇ ਮਾਸਕ ਭੱਤੇ ਦਾ ਹੱਕਦਾਰ ਹੋਵੇਗਾ, ਜੋ ਇਸਦੇ ਬਾਬਤ ਰਾਜ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ।

ਮਾਸਕ ਭੱਤੇ ਤੋਂ ਇਲਾਵਾ, ਇੱਕ ਮੰਤਰੀ ਸਰਕਾਰੀ ਖ਼ਰਚ ਤੇ ਮੁਫ਼ਤ ਸਜਾਵਟ ਦੀ ਸਹੂਲਤ ਦਾ ਵੀ ਹੱਕਦਾਰ ਹੋਵੇਗਾ:

ਪਰੰਤੂ ਕਿਰਾਏ ਦੇ ਘਰ ਦੇ ਬਾਰੇ ਵਿੱਚ ਬਿਜਲੀ ਅਤੇ ਪਾਣੀ ਦੀ ਵਾਸਤਵਿਕ ਲਾਗਤ ਤੋਂ ਬਿਨਾਂ ਸਾਂਭ-ਸੰਭਾਲ ਚਾਰਜਿਜ਼, ਘਰ ਦੇ ਮਾਲਕ ਦੁਆਰਾ ਚੁੱਕੇ ਜਾਣਗੇ।

(2-ਅ) ਜੇ, ਕੋਈ ਮੰਤਰੀ ਆਪਣੇ ਘਰ ਵਿੱਚ ਜਾਂ ਆਪਣੇ ਪਤੀ ਜਾਂ ਪਤਨੀ ਦੀ ਮਲਕੀਅਤ ਵਾਲੇ ਘਰ ਵਿੱਚ ਰਹਿਣ ਦੀ ਚੋਣ ਕਰਦਾ ਹੈ, ਜੋ ਰਾਜ ਦੇ ਮੁੱਖ ਦਫ਼ਤਰ ਤੋਂ ਅਜਿਹੇ ਅਰਧ-ਵਿਆਸ ਵਿੱਚ ਸਥਿਤ ਹੈ, ਜਿਵੇਂ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ, ਤਾਂ ਉਹ ਅਜਿਹੇ ਮਾਸਕ ਭੱਤੇ ਦਾ ਹੱਕਦਾਰ ਹੋਵੇਗਾ ਜੋ ਰਾਜ ਸਰਕਾਰ ਦੁਆਰਾ ਇਸਦੇ ਬਾਬਤ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ।

ਮਾਸਕ ਭੱਤੇ ਤੋਂ ਇਲਾਵਾ, ਇੱਕ ਮੰਤਰੀ ਸਰਕਾਰੀ ਖ਼ਰਚੇ ਤੇ ਮੁਫ਼ਤ ਸਜਾਵਟ ਦੀ ਸਹੂਲਤ ਦਾ ਵੀ ਹੱਕਦਾਰ ਹੋਵੇਗਾ:

ਪਰੰਤੂ ਘਰ ਦੇ ਬਿਜਲੀ ਅਤੇ ਪਾਣੀ ਦੇ ਵਾਸਤਵਿਕ ਖ਼ਰਚ ਤੋਂ ਬਿਨਾਂ ਹੋਰ ਸਾਂਭ-ਸੰਭਾਲ ਚਾਰਜਿਜ਼, ਘਰ ਦੇ ਮਾਲਕ ਦੁਆਰਾ ਚੁੱਕੇ ਜਾਣਗੇ।

(2-ੲ) ਰਾਜ ਸਰਕਾਰ, ਕਿਸੇ ਮੰਤਰੀ ਨੂੰ ਉਪ-ਧਾਰਾ (2) ਜਾਂ ਉਪ-ਧਾਰਾ (2-ੳ), ਜਿਹੀ ਕਿ ਸੂਰਤ ਹੋਵੇ, ਅਧੀਨ ਮੁਹੱਈਆ ਕਰਵਾਏ ਗਏ ਘਰ ਦਾ ਸੁਤੰਤਰ ਕਬਜ਼ਾ, ਉਸਦੇ ਮੰਤਰੀ ਨ ਰਹਿਣ ਦੀ ਤਰੀਕ ਤੋਂ ਪੰਦਰਾਂ ਦਿਨਾਂ ਤੋਂ ਨ ਵੱਧ ਦੀ ਮੁੱਦਤ ਲਈ ਜਾਰੀ ਰੱਖਣ ਦੀ ਆਗਿਆ ਦੇ ਸਕੇਗੀ।

(3) ਹਰੇਕ ਮੰਤਰੀ ਨੂੰ ਰਾਜ ਕਾਰ ਮੁਹੱਈਆ ਕਰਵਾਈ ਜਾਵੇਗੀ, ਜਿਸਦੀ ਸਾਂਭ-ਸੰਭਾਲ ਅਤੇ ਸੰਚਾਲਨ ਦਾ ਖ਼ਰਚਾ ਰਾਜ ਸਰਕਾਰ ਦੁਆਰਾ ਚੁਕਾਇਆ ਜਾਵੇਗਾ।

ਪਰੰਤੂ ਮੰਤਰੀ ਦੁਆਰਾ ਵਰਤੀ ਜਾ ਰਹੀ ਰਾਜ ਕਾਰ ਦੀ ਸਾਂਭ-ਸੰਭਾਲ ਅਤੇ ਸੰਚਾਲਣ ਦੇ ਖ਼ਰਚੇ ਤਿੰਨ ਸੌ ਰੁਪਏ ਦੀ ਸੀਮਾ ਦੇ ਤਾਬੇ ਨਹੀਂ ਹੋਣਗੇ।

(3-ੳ) ਜੇ ਕੋਈ ਮੰਤਰੀ ਆਪਣੀ ਰਾਜ ਕਾਰ ਨਹੀਂ ਲੈਂਦਾ ਜਾਂ ਰਾਜ ਕਾਰ ਅਰਪਣ ਕਰਦਾ ਹੈ ਅਤੇ ਆਪਣੀ ਨਿੱਜੀ ਗੱਡੀ ਨੂੰ ਸਰਕਾਰੀ ਪ੍ਰਯੋਜਨ ਲਈ ਵਰਤਣਾ ਚਾਹੁੰਦਾ ਹੈ, ਤਾਂ ਉਸਨੂੰ ਅਜਿਹਾ ਭੱਤਾ ਅਦਾ ਕੀਤਾ ਜਾਵੇਗਾ, ਜੋ ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਸਮੇਂ ਸਮੇਂ 'ਤੇ ਇਸ ਨਮਿੱਤ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ।

(4) (ੳ) ਹਰੇਕ ਮੰਤਰੀ ਆਪਣੇ ਚੋਣ ਹਲਕੇ ਦੇ ਅੰਦਰ ਜਾਂ ਚੰਡੀਗੜ੍ਹ ਵਿਖੇ ਕਿਸੇ ਸਥਾਨ ਤੇ ਟੈਲੀਫੋਨ ਲਗਵਾਉਣ ਦਾ ਹੱਕਦਾਰ ਹੋਵੇਗਾ ਅਤੇ ਸੰਸਥਾਪਨਾ ਅਤੇ ਸਕਿਉਰਿਟੀ ਜਮ੍ਹਾਂ ਰਕਮ ਦੇ ਬਾਰੇ ਵਿੱਚ ਸਾਰੇ ਖ਼ਰਚੇ ਮੰਤਰੀ ਦੁਆਰਾ ਖ਼ੁਦ ਅਦਾ ਕੀਤੇ ਜਾਣਗੇ ਅਤੇ ਇਸ ਤਰ੍ਹਾਂ ਅਦਾ ਕੀਤੀ ਗਈ ਰਕਮ ਡਾਕ ਅਤੇ ਟੈਲੀਗ੍ਰਾਫ਼ ਵਿਭਾਗ ਤੋਂ ਹਾਸਲ ਰਸੀਦਾਂ ਦੇ ਪੇਸ਼ ਕਰਨ 'ਤੇ ਸਰਕਾਰ ਦੁਆਰਾ ਮੰਤਰੀ ਨੂੰ ਪ੍ਰਤਿਪੂਰਤੀ ਕੀਤੀ ਜਾਵੇਗੀ।

(ਅ) ਮੁੱਖ-ਮੰਤਰੀ, ਉਪ ਮੁੱਖ-ਮੰਤਰੀ ਅਤੇ ਹਰੇਕ ਮੰਤਰੀ ਨੂੰ ਪ੍ਰਤੀ ਮਹੀਨਾ ਪੰਦਰਾਂ ਹਜ਼ਾਰ ਰੁਪਏ ਦੀ ਦਰ ਨਾਲ ਟੈਲੀਫੋਨ ਭੱਤਾ ਅਦਾ ਕੀਤਾ ਜਾਵੇਗਾ:

ਪਰੰਤੂ ਖੰਡ (ੳ) ਅਤੇ (ਅ) ਵਿੱਚ ਹਵਾਲਾ ਦਿੱਤੇ ਗਏ ਖ਼ਰਚਿਆਂ ਦੀ ਪ੍ਰਤਿਪੂਰਤੀ, ਪ੍ਰਤੀ ਸਾਲ ਇੱਕ ਲੱਖ ਵੀਹ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗੀ।

ਨਿਯਮ ਬਣਾਉਣ ਜਾਂ ਅਪਣਾਉਣ ਦੀ ਸ਼ਕਤੀ ।

2-ੳ. (1) ਮੁੱਖ-ਮੰਤਰੀ ਸਮੇਤ ਮੰਤਰੀਆਂ ਦਾ ਸਫ਼ਰ ਭੱਤਾ, ਅਜਿਹੇ ਨਿਯਮਾਂ ਦੀ ਅਨੁਸਾਰਤਾ ਵਿੱਚ ਵਿਨਿਯਮਤ ਕੀਤਾ ਜਾਵੇਗਾ ਜਿਵੇਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਬਣਾਏ ਜਾਂ ਅਪਣਾਏ ਜਾਣ:

ਪਰੰਤੂ ਰਾਜ ਕਾਰ ਵਿੱਚ ਕੀਤੀਆਂ ਗਈਆਂ ਯਾਤਰਾਵਾਂ ਦੇ ਬਾਰੇ ਵਿੱਚ ਕੋਈ ਮੀਲ ਜਾਂ ਸਫ਼ਰ ਭੱਤਾ ਭਾਰਿਤ ਕਰਨਯੋਗ ਨਹੀਂ ਹੋਵੇਗਾ।

(2) ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਮੰਤਰੀ ਦੇ ਸਫ਼ਰ ਭੱਤੇ ਦੇ ਸੰਬੰਧ ਵਿੱਚ ਹੋਇਆ ਕੋਈ ਖ਼ਰਚ ਅਜਿਹੇ ਨਿਯਮਾਂ ਦੀ ਅਨੁਸਾਰਤਾ ਵਿੱਚ ਹੋਇਆ ਸਮਝਿਆ ਜਾਵੇਗਾ ਜਿਵੇਂ ਕਿ ਉਕਤ ਨਿਯਮ ਇਸ ਐਕਟ ਦੇ ਅਧੀਨ ਬਣਾਏ ਅਤੇ ਅਪਣਾਏ ਗਏ ਹੋਣ।

ਮੰਤਰੀਆਂ ਦਾ ਰਾਜ ਵਿਧਾਨ ਮੰਡਲ ਦੇ ਮੈਂਬਰਾਂ ਵਜੋਂ ਤਨਖ਼ਾਹ ਜਾਂ ਭੱਤੇ ਨ ਲੈਣਾ ।

2-ਅ. ਇਸ ਐਕਟ ਅਧੀਨ ਤਨਖ਼ਾਹ ਜਾਂ ਭੱਤਾ ਪ੍ਰਾਪਤ ਕਰਨ ਵਾਲਾ ਵਿਅਕਤੀ ਰਾਜ ਵਿਧਾਨ ਮੰਡਲ ਦੁਆਰਾ ਆਪਣੀ ਮੈਂਬਰਸ਼ਿਪ ਦੇ ਬਾਰੇ ਵਿੱਚ ਰਾਜ ਵਿਧਾਨ ਮੰਡਲ ਦੁਆਰਾ ਉਪਬੰਧਤ ਕੀਤੇ ਗਏ ਫ਼ੰਡਾਂ ਵਿੱਚੋਂ ਕੋਈ ਤਨਖ਼ਾਹ ਜਾਂ ਭੱਤੇ ਦੇ ਰੂਪ ਵਿੱਚ ਕੋਈ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

ਸਫ਼ਰ ਰਿਆਇਤ। 2-ਅਅ. (1) ਹਰੇਕ ਮੰਤਰੀ, ਉਸਦੇ ਪਤੀ ਜਾਂ ਪਤਨੀ ਅਤੇ ਉਨ੍ਹਾਂ ਵਿੱਚੋਂ ਕਿਸੇ ਦੇ ਨਾਲ ਆਉਣ ਵਾਲੇ ਉਸਦੇ ਆਸ਼ਰਿਤ ਬੱਚਿਆਂ ਅਤੇ ਉਸਦੀ ਦੇਖਭਾਲ ਅਤੇ ਸਹਾਇਤਾ ਲਈ ਉਸਦੇ ਨਾਲ ਆਉਣ ਵਾਲਾ ਸੇਵਾਦਾਰ, ਇੱਕ ਵਿੱਤੀ ਸਾਲ ਦੌਰਾਨ ਭਾਰਤ ਵਿੱਚ ਕਿਸੇ ਰੇਲਵੇ ਦੁਆਰਾ ਜਾਂ ਭਾਰਤ ਦੇ ਅੰਦਰ ਜਾਂ ਬਾਹਰ ਵਾਯੂ ਅਨੁਕੂਲਤ ਕੋਚ ਜਾਂ ਵਾਯੂ ਯਾਨ ਦੁਆਰਾ ਸਫ਼ਰ ਕਰਨ ਦਾ ਹੱਕਦਾਰ ਹੋਵੇਗਾ ਅਤੇ ਅਜਿਹੀ ਯਾਤਰਾ ਤੇ ਹੋਏ ਖ਼ਰਚੇ ਦੇ ਬਰਾਬਰ ਦੀ ਰਕਮ ਉਸਨੂੰ ਪ੍ਰਤਿਪੂਰਤੀ ਕੀਤੀ ਜਾਵੇਗੀ:

ਪਰੰਤੂ ਜਿੱਥੇ ਇੱਕ ਮੰਤਰੀ ਆਪਣੀ ਮੋਟਰ ਗੱਡੀ ਦੁਆਰਾ ਸਫ਼ਰ ਕਰਦਾ ਹੈ ਅਤੇ ਇੱਕ ਲਸੰਸਸ਼ੁਦਾ ਡੀਲਰ ਤੋਂ ਇੱਕ ਨਕਦ ਰਸੀਦ ਦਿੰਦਾ ਹੈ ਜਿਸ ਵਿੱਚ ਮੰਤਰੀ ਦਾ ਨਾਂ, ਉਸਦੀ ਮੋਟਰ ਕਾਰ ਨੂੰ ਚਲਾਉਣ ਲਈ ਉਸ ਵੱਲੋਂ ਖ਼ਰੀਦੇ ਗਏ ਪੈਟਰੋਲ ਜਾਂ ਡੀਜ਼ਲ ਦੀ ਮਾਤਰਾ, ਉਹ ਤਰੀਕ ਜਿਸਨੂੰ ਉਹ ਖ਼ਰੀਦਿਆ ਗਿਆ ਸੀ, ਉਸਦੀ ਕੀਮਤ ਅਤੇ ਉਸਦੀ ਮੋਟਰ ਕਾਰ ਦਾ ਰਜਿਸਟ੍ਰੀਕਰਨ ਨੰਬਰ ਦੱਸਿਆ ਗਿਆ ਹੋਵੇ, ਇਸ ਤਰ੍ਹਾਂ ਕੀਤੇ ਗਏ ਖ਼ਰਚਿਆਂ ਦੀ ਉਸਨੂੰ ਪ੍ਰਤਿਪੂਰਤੀ ਕੀਤੀ ਜਾਵੇਗੀ:

ਪਰੰਤੂ ਇਸ ਧਾਰਾ ਵਿੱਚ ਉਲਿਖਤ ਸਹੂਲਤਾਂ ਲਈ ਕੀਤੇ ਗਏ ਕੁੱਲ ਖ਼ਰਚੇ ਇੱਕ ਵਿੱਤੀ ਸਾਲ ਵਿੱਚ ਤਿੰਨ ਲੱਖ ਰੁਪਏ ਦੀ ਰਕਮ ਤੋਂ ਵੱਧ ਨਹੀਂ ਹੋਣਗੇ।

(2) ਮੁੱਖ-ਮੰਤਰੀ, ਉਪ ਮੁੱਖ-ਮੰਤਰੀ ਅਤੇ ਹਰੇਕ ਮੰਤਰੀ, ਵਾਯੂ ਯਾਨ ਦੁਆਰਾ ਬਦੇਸ਼ੀ ਯਾਤਰਾ ਕਰਨ ਲਈ ਪੇਸ਼ਗੀ ਲੈ ਸਕਦਾ ਹੈ।

ਚੋਣ ਹਲਕਾ, ਸਕੱਤਰੇਤੀ, ਡਾਕ ਸਹੂਲਤਾਂ ਭੱਤਾ। 2-ਅਅਅ. ਮੰਤਰੀ, ਨੂੰ ਚੋਣ ਹਲਕਾ, ਸਕੱਤਰੇਤੀ, ਡਾਕ ਸਹੂਲਤਾਂ ਭੱਤਾ ਪ੍ਰਤੀ ਮਹੀਨਾ ਪੱਚੀ ਹਜ਼ਾਰ ਰੁਪਏ ਦੀ ਦਰ ਨਾਲ ਅਤੇ ਚੋਣ ਹਲਕੇ ਵਿੱਚ ਦਫ਼ਤਰੀ ਭੱਤਾ ਪ੍ਰਤੀ ਮਹੀਨਾ ਦਸ ਹਜ਼ਾਰ ਰੁਪਏ ਦੀ ਦਰ ਨਾਲ ਅਦਾ ਕੀਤਾ ਜਾਵੇਗਾ।

ਅਨੁਲਾਭਾਂ ਦਾ ਆਮਦਨ-ਕਰ ਤੋਂ ਵੱਖ ਹੋਣਾ। 2-ੲ. ਇਸ ਐਕਟ ਦੇ ਅਧੀਨ ਕਿਸੇ ਮੰਤਰੀ ਨੂੰ ਅਦਾਇਗੀਯੋਗ ਤਨਖ਼ਾਹ ਅਤੇ ਭੱਤੇ, ਅਤੇ ਉਸਨੂੰ ਮਿਲਣਯੋਗ ਮੁਫ਼ਤ ਸਜਿਆ ਹੋਇਆ ਘਰ ਅਤੇ ਹੋਰ ਅਨੁਲਾਭ, ਆਮਦਨ-ਕਰ ਤੋਂ ਵੱਖ ਹੋਣਗੇ, ਜੋ ਰਾਜ ਸਰਕਾਰ ਦੁਆਰਾ ਅਦਾਇਗੀਯੋਗ ਹੋਵੇਗਾ।

2-ਸ ਅਤੇ 2-ਸਸ. x x x x x

1937 ਦਾ ਪੰਜਾਬ ਐਕਟ II ਅਤੇ 1947 ਦਾ ਆਰਡੀਨੈਂਸ ਨੰ. XI ਦਾ ਨਿਰਸਨ। 3. ਪੰਜਾਬ ਮੰਤਰੀਆਂ ਦੀਆਂ ਤਨਖ਼ਾਹਾਂ ਐਕਟ, 1937, ਅਤੇ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖ਼ਾਹਾਂ ਆਰਡੀਨੈਂਸ, 1947 ਇਸ ਦੁਆਰਾ ਨਿਰਸਤ ਕੀਤੇ ਜਾਂਦੇ ਹਨ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3720/5-2026/Pb. Govt. Press, S.A.S. Nagar*

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 15 ਮਈ, 2026

**ਨੰ. 41/ਭ:ਕ/2026.–** ਪੰਜਾਬ ਉਪ ਮੰਤਰੀਆਂ ਦੀਆਂ ਤਨਖ਼ਾਹਾਂ ਅਤੇ ਭੱਤੇ ਐਕਟ, 1956 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 15th May, 2026

**No. 41/L.C./2026.-** The Translation in Punjabi of the Salaries and Allowances of Deputy Ministers, Punjab Act, 1956 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਉਪ ਮੰਤਰੀਆਂ ਦੀਆਂ ਤਨਖ਼ਾਹਾਂ ਅਤੇ ਭੱਤੇ ਐਕਟ, 1956

(1956 ਦਾ ਪੰਜਾਬ ਐਕਟ ਨੰ. 22)

ਪੰਜਾਬ ਰਾਜ ਵਿੱਚ ਉਪ ਮੰਤਰੀਆਂ ਦੀਆਂ ਤਨਖ਼ਾਹਾਂ ਅਤੇ ਭੱਤਿਆਂ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੱਤਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਉਪ ਮੰਤਰੀਆਂ ਦੀਆਂ ਤਨਖ਼ਾਹਾਂ ਅਤੇ ਭੱਤੇ ਐਕਟ, 1956 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ 23 ਅਪ੍ਰੈਲ, 1956 ਤੋਂ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ:– ਪਰਿਭਾਸ਼ਾਵਾਂ ।

(ੳ) "ਘਰ" ਵਿੱਚ ਅਮਲਾ ਕੁਆਰਟਰ ਅਤੇ ਉਸ ਨਾਲ ਲੱਗਦੀਆਂ ਹੋਰ ਇਮਾਰਤਾਂ ਅਤੇ ਉਨ੍ਹਾਂ ਦੇ ਬਗ਼ੀਚੇ ਸ਼ਾਮਲ ਹਨ।

(ਅ) ਘਰ ਦੇ ਸੰਬੰਧ ਵਿੱਚ "ਸਾਂਭ-ਸੰਭਾਲ" ਵਿੱਚ ਸਥਾਨਕ ਦਰਾਂ ਅਤੇ ਕਰਾਂ ਦੀ ਅਦਾਇਗੀ, ਅਤੇ ਬਿਜਲੀ ਅਤੇ ਪਾਣੀ ਦੀ ਲਾਗਤ ਸ਼ਾਮਲ ਹੋਣਗੇ।

ਉਪ ਮੰਤਰੀਆਂ ਦੀਆਂ ਤਨਖ਼ਾਹਾਂ ।

3. ਹਰੇਕ ਉਪ ਮੰਤਰੀ, ਨੂੰ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਤਨਖ਼ਾਹ, ਹਰੇਕ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਮਹਿਮਾਨ ਭੱਤਾ ਅਤੇ ਮੁਆਵਜ਼ੀ ਭੱਤਾ ਅਦਾ ਕੀਤਾ ਜਾਵੇਗਾ।

ਰਿਹਾਇਸ਼ ਮੁਹੱਈਆ ਕਰਵਾਉਣਾ ।

4. (1) ਹਰੇਕ ਉਪ ਮੰਤਰੀ ਨੂੰ ਰਾਜ ਦੇ ਮੁੱਖ-ਦਫ਼ਤਰ ਵਿਖੇ ਇੱਕ ਬਿਨਾਂ ਕਿਰਾਏ ਦੇ ਸਰਕਾਰੀ ਘਰ ਮੁਹੱਈਆ ਕੀਤਾ ਜਾਵੇਗਾ, ਜਿਸਦੇ ਸਜਾਵਟ ਅਤੇ ਸਾਂਭ-ਸੰਭਾਲ ਚਾਰਜਿਜ਼ ਰਾਜ ਸਰਕਾਰ ਦੁਆਰਾ ਚੁੱਕੇ ਜਾਣਗੇ।

(2) ਜੇ, ਉਪ-ਧਾਰਾ (1) ਵਿੱਚ ਬਿਆਨ ਕੀਤੇ ਅਨੁਸਾਰ, ਸਰਕਾਰੀ ਘਰ ਦੀ ਗ਼ੈਰ-ਉਪਲੱਬਧਤਾ ਕਾਰਨ ਰਾਜ ਸਰਕਾਰ ਦੁਆਰਾ ਕਿਸੇ ਉਪ ਮੰਤਰੀ ਨੂੰ ਬਿਨਾਂ ਕਿਰਾਏ ਦੇ ਸਰਕਾਰੀ ਘਰ ਮੁਹੱਈਆ ਨਹੀਂ ਕਰਵਾਇਆ ਜਾਂਦਾ ਹੈ, ਅਤੇ ਉਹ ਰਾਜ ਦੇ ਮੁੱਖ-ਦਫ਼ਤਰ ਵਿਖੇ ਆਪਣੇ ਵੱਲੋਂ ਕਿਰਾਏ ਤੇ ਲਏ ਗਏ ਘਰ ਵਿੱਚ ਰਹਿੰਦਾ ਹੈ, ਤਾਂ ਉਹ ਅਜਿਹੇ ਮਾਸਕ ਭੱਤੇ ਦਾ ਹੱਕਦਾਰ ਹੋਵੇਗਾ, ਜੋ ਇਸਦੇ ਬਾਬਤ ਰਾਜ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ। ਮਾਸਕ ਭੱਤੇ ਤੋਂ ਇਲਾਵਾ, ਇੱਕ ਉਪ ਮੰਤਰੀ ਸਰਕਾਰੀ ਖ਼ਰਚ ਤੇ ਮੁਫ਼ਤ ਸਜਾਵਟ ਦੀ ਸਹੂਲਤ ਦਾ ਵੀ ਹੱਕਦਾਰ ਹੋਵੇਗਾ:

ਪਰੰਤੂ ਕਿਰਾਏ ਦੇ ਘਰ ਦੇ ਬਾਰੇ ਵਿੱਚ ਬਿਜਲੀ ਅਤੇ ਪਾਣੀ ਦੀ ਵਾਸਤਵਿਕ ਲਾਗਤ ਤੋਂ ਬਿਨਾਂ ਕੋਈ ਸਾਂਭ-ਸੰਭਾਲ ਚਾਰਜਿਜ਼, ਘਰ ਦੇ ਮਾਲਕ ਦੁਆਰਾ ਚੁੱਕੇ ਜਾਣਗੇ।

(3) ਜੇ, ਕੋਈ ਉਪ ਮੰਤਰੀ ਆਪਣੇ ਘਰ ਵਿੱਚ ਜਾਂ ਆਪਣੇ ਪਤੀ ਜਾਂ ਪਤਨੀ ਦੀ ਮਲਕੀਅਤ ਵਾਲੇ ਘਰ ਵਿੱਚ ਰਹਿਣ ਦੀ ਚੋਣ ਕਰਦਾ ਹੈ, ਜੋ ਰਾਜ ਦੇ ਮੁੱਖ ਦਫ਼ਤਰ ਤੋਂ ਅਜਿਹੇ ਅਰਧ-ਵਿਆਸ ਵਿੱਚ ਸਥਿਤ ਹੈ, ਜਿਵੇਂ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ, ਤਾਂ ਉਹ ਅਜਿਹੇ ਮਾਸਕ ਭੱਤੇ ਦਾ ਹੱਕਦਾਰ ਹੋਵੇਗਾ ਜਿਵੇਂ ਰਾਜ ਸਰਕਾਰ ਦੁਆਰਾ ਇਸਦੇ ਬਾਬਤ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ। ਮਾਸਕ ਭੱਤੇ ਤੋਂ ਇਲਾਵਾ, ਇੱਕ ਉਪ ਮੰਤਰੀ ਸਰਕਾਰੀ ਖ਼ਰਚੇ ਤੇ ਮੁਫ਼ਤ ਸਜਾਵਟ ਦੀ ਸਹੂਲਤ ਦਾ ਵੀ ਹੱਕਦਾਰ ਹੋਵੇਗਾ:

ਪਰੰਤੂ ਘਰ ਦੇ ਬਿਜਲੀ ਅਤੇ ਪਾਣੀ ਦੇ ਵਾਸਤਵਿਕ ਖ਼ਰਚ ਤੋਂ ਬਿਨਾਂ ਕੋਈ ਹੋਰ ਸਾਂਭ-ਸੰਭਾਲ ਚਾਰਜਿਜ਼, ਘਰ ਦੇ ਮਾਲਕ ਦੁਆਰਾ ਚੁੱਕੇ ਜਾਣਗੇ।

(4) ਰਾਜ ਸਰਕਾਰ, ਇੱਕ ਉਪ ਮੰਤਰੀ ਨੂੰ ਉਪ-ਧਾਰਾ (1) ਜਾਂ ਉਪ-ਧਾਰਾ (2), ਜਿਹੀ ਕਿ ਸੂਰਤ ਹੋਵੇ, ਅਧੀਨ ਮੁਹੱਈਆ ਕਰਵਾਏ ਗਏ ਘਰ ਦਾ ਸੁਤੰਤਰ ਕਬਜ਼ਾ, ਉਸਦੇ ਮੰਤਰੀ ਨ ਰਹਿਣ ਦੀ ਤਰੀਕ ਤੋਂ ਪੰਦਰਾਂ ਦਿਨਾਂ ਤੋਂ ਨ ਵੱਧ ਦੀ ਮੁੱਦਤ ਲਈ ਜਾਰੀ ਰੱਖਣ ਦੀ ਆਗਿਆ ਦੇ ਸਕੇਗੀ।

ਸਵਾਰੀ ਭੱਤਾ ।

5. (1) ਹਰੇਕ ਉਪ ਮੰਤਰੀ ਨੂੰ ਰਾਜ ਕਾਰ ਮੁਹੱਈਆ ਕਰਵਾਈ ਜਾਵੇਗੀ, ਜਿਸਦੀ ਸਾਂਭ-ਸੰਭਾਲ ਅਤੇ ਸੰਚਾਲਨ ਦਾ ਖ਼ਰਚਾ ਰਾਜ ਸਰਕਾਰ ਦੁਆਰਾ ਚੁਕਾਇਆ ਜਾਵੇਗਾ।

(2) ਜੇ ਕੋਈ ਉਪ ਮੰਤਰੀ ਆਪਣੀ ਰਾਜ ਗੱਡੀ ਨਹੀਂ ਲੈਂਦਾ ਜਾਂ ਰਾਜ ਗੱਡੀ ਅਰਪਣ ਕਰਦਾ ਹੈ ਅਤੇ ਆਪਣੀ ਨਿੱਜੀ ਗੱਡੀ ਨੂੰ ਸਰਕਾਰੀ ਪ੍ਰਯੋਜਨ ਲਈ ਵਰਤਣਾ ਚਾਹੁੰਦਾ ਹੈ, ਤਾਂ ਉਸਨੂੰ ਅਜਿਹਾ ਭੱਤਾ ਅਦਾ ਕੀਤਾ ਜਾਵੇਗਾ, ਜੋ ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਸਮੇਂ ਸਮੇਂ 'ਤੇ ਇਸ ਨਮਿੱਤ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਕੀਤਾ ਜਾਵੇ।

5-ੳ. (1) ਹਰੇਕ ਉਪ ਮੰਤਰੀ ਆਪਣੇ ਚੋਣ ਹਲਕੇ ਦੇ ਅੰਦਰ ਕਿਸੇ ਥਾਂ ਤੇ ਜਾਂ ਆਪਣੀ ਰਿਹਾਇਸ਼ੀ ਦੇ ਸਥਾਨ ਤੇ ਜਾਂ ਚੰਡੀਗੜ੍ਹ ਵਿਖੇ ਟੈਲੀਫੋਨ ਲਗਵਾਉਣ ਦਾ ਹੱਕਦਾਰ ਹੋਵੇਗਾ ਅਤੇ ਸੰਸਥਾਪਨਾ ਅਤੇ ਸਕਿਉਰਿਟੀ ਜਮ੍ਹਾਂ ਰਕਮ ਦੇ ਬਾਰੇ ਵਿੱਚ ਸਾਰੇ ਖ਼ਰਚੇ ਮੰਤਰੀ ਦੁਆਰਾ ਖ਼ੁਦ ਅਦਾ ਕੀਤੇ ਜਾਣਗੇ ਅਤੇ ਇਸ ਤਰ੍ਹਾਂ ਅਦਾ ਕੀਤੀ ਗਈ ਰਕਮ ਡਾਕ ਅਤੇ ਟੈਲੀਗ੍ਰਾਫ਼ ਵਿਭਾਗ ਤੋਂ ਹਾਸਲ ਰਸੀਦਾਂ ਦੇ ਪੇਸ਼ ਕਰਨ 'ਤੇ ਸਰਕਾਰ ਦੁਆਰਾ ਉਪ ਮੰਤਰੀ ਨੂੰ ਪ੍ਰਤਿਪੂਰਤੀ ਕੀਤੀ ਜਾਵੇਗੀ। ਟੈਲੀਫੋਨ ਦੀ ਮੁਫ਼ਤ ਸੰਸਥਾਪਨਾ।

(2) ਹਰੇਕ ਉਪ ਮੰਤਰੀ ਨੂੰ ਪ੍ਰਤੀ ਮਹੀਨਾ ਦਸ ਹਜ਼ਾਰ ਰੁਪਏ ਦੀ ਦਰ ਨਾਲ ਟੈਲੀਫੋਨ ਭੱਤਾ ਅਦਾ ਕੀਤਾ ਜਾਵੇਗਾ:

ਪਰੰਤੂ ਉਪ-ਧਾਰਾ (1) ਅਤੇ (2) ਵਿੱਚ ਹਵਾਲਾ ਦਿੱਤੇ ਖ਼ਰਚਿਆਂ ਦੀ ਪ੍ਰਤਿਪੂਰਤੀ, ਇੱਕ ਲੱਖ ਵੀਹ ਹਜ਼ਾਰ ਰੁਪਏ ਸਾਲਾਨਾ ਤੋਂ ਵੱਧ ਨਹੀਂ ਹੋਵੇਗੀ।

5-ਅ. (1) ਹਰੇਕ ਉਪ ਮੰਤਰੀ, ਉਸਦੇ ਪਤੀ ਜਾਂ ਪਤਨੀ ਅਤੇ ਉਨ੍ਹਾਂ ਵਿੱਚੋਂ ਕਿਸੇ ਦੇ ਨਾਲ ਆਉਣ ਵਾਲੇ ਉਸਦੇ ਆਸ਼ਰਿਤ ਬੱਚਿਆਂ ਅਤੇ ਉਸਦੀ ਦੇਖਭਾਲ ਅਤੇ ਸਹਾਇਤਾ ਲਈ ਉਸਦੇ ਨਾਲ ਆਉਣ ਵਾਲਾ ਸੇਵਾਦਾਰ, ਇੱਕ ਵਿੱਤੀ ਸਾਲ ਦੌਰਾਨ ਭਾਰਤ ਵਿੱਚ ਕਿਸੇ ਰੇਲਵੇ ਦੁਆਰਾ ਜਾਂ ਭਾਰਤ ਦੇ ਅੰਦਰ ਜਾਂ ਬਾਹਰ ਵਾਯੂ ਅਨੁਕੂਲਤ ਕੋਚ ਜਾਂ ਵਾਯੂ ਯਾਨ ਦੁਆਰਾ ਸਫ਼ਰ ਕਰਨ ਦਾ ਹੱਕਦਾਰ ਹੋਵੇਗਾ ਅਤੇ ਅਜਿਹੀ ਯਾਤਰਾ ਤੇ ਹੋਏ ਖ਼ਰਚੇ ਦੇ ਬਰਾਬਰ ਦੀ ਰਕਮ ਉਸਨੂੰ ਪ੍ਰਤਿਪੂਰਤੀ ਕੀਤੀ ਜਾਵੇਗੀ: ਰੇਲਵੇ ਦੁਆਰਾ ਮੁਫ਼ਤ ਲਾਂਘਾ।

ਪਰੰਤੂ ਜਿੱਥੇ ਇੱਕ ਉਪ ਮੰਤਰੀ ਆਪਣੀ ਮੋਟਰ ਗੱਡੀ ਦੁਆਰਾ ਸਫ਼ਰ ਕਰਦਾ ਹੈ ਅਤੇ ਇੱਕ ਲਸੰਸਸ਼ੁਦਾ ਡੀਲਰ ਤੋਂ ਇੱਕ ਨਕਦ ਰਸੀਦ ਦਿੰਦਾ ਹੈ ਜਿਸ ਵਿੱਚ ਉਪ ਮੰਤਰੀ ਦਾ ਨਾਂ, ਉਸਦੀ ਮੋਟਰ ਕਾਰ ਨੂੰ ਚਲਾਉਣ ਲਈ ਉਸ ਵੱਲੋਂ ਖ਼ਰੀਦੇ ਗਏ ਪੈਟਰੋਲ ਜਾਂ ਡੀਜ਼ਲ ਦੀ ਮਾਤਰਾ, ਉਹ ਤਰੀਕ ਜਿਸਨੂੰ ਉਹ ਖ਼ਰੀਦਿਆ ਗਿਆ ਸੀ, ਉਸਦੀ ਕੀਮਤ ਅਤੇ ਉਸਦੀ ਮੋਟਰ ਕਾਰ ਦਾ ਰਜਿਸਟ੍ਰੀਕਰਨ ਨੰਬਰ ਦੱਸਿਆ ਗਿਆ ਹੋਵੇ, ਇਸ ਤਰ੍ਹਾਂ ਕੀਤੇ ਗਏ ਖ਼ਰਚਿਆਂ ਦੀ ਉਸਨੂੰ ਪ੍ਰਤਿਪੂਰਤੀ ਕੀਤੀ ਜਾਵੇਗੀ:

ਪਰੰਤੂ ਇਸ ਧਾਰਾ ਵਿੱਚ ਉਲਿਖਤ ਸਹੂਲਤਾਂ ਲਈ ਕੀਤੇ ਗਏ ਕੁੱਲ ਖ਼ਰਚੇ ਇੱਕ ਵਿੱਤੀ ਸਾਲ ਵਿੱਚ ਦੋ ਲੱਖ ਰੁਪਏ ਦੀ ਰਕਮ ਤੋਂ ਵੱਧ ਨਹੀਂ ਹੋਣਗੇ।

(2) ਇੱਕ ਉਪ ਮੰਤਰੀ ਵਾਯੂ ਯਾਨ ਦੁਆਰਾ ਬਦੇਸ਼ੀ ਯਾਤਰਾ ਕਰਨ ਲਈ ਪੇਸ਼ਗੀ ਲੈ ਸਕਦਾ ਹੈ।

ਚੋਣ ਹਲਕੇ, ਸਕੱਤਰੇਤੀ, ਡਾਕ ਸਹੂਲਤਾਂ ਅਤੇ ਦਫ਼ਤਰੀ ਭੱਤੇ ।

5-ਅਅ. ਉਪ ਮੰਤਰੀ ਨੂੰ, ਚੋਣ ਹਲਕਾ, ਸਕੱਤਰੇਤੀ, ਡਾਕ ਸਹੂਲਤਾਂ ਭੱਤਾ ਪ੍ਰਤੀ ਮਹੀਨਾ ਪੰਦਰਾਂ ਹਜ਼ਾਰ ਰੁਪਏ ਦੀ ਦਰ ਨਾਲ ਅਤੇ ਚੋਣ ਹਲਕੇ ਵਿੱਚ ਦਫ਼ਤਰੀ ਭੱਤਾ ਪ੍ਰਤੀ ਮਹੀਨਾ ਪੰਜ ਹਜ਼ਾਰ ਰੁਪਏ ਦੀ ਦਰ ਨਾਲ ਅਦਾ ਕੀਤਾ ਜਾਵੇਗਾ।

5-ੲ. x x x x x

5-ੲੲ. x x x x x

ਨਿਯਮ ਆਦਿ ਬਣਾਉਣ ਦੀ ਸ਼ਕਤੀ ।

6. ਉਪ ਮੰਤਰੀਆਂ ਦੇ ਯਾਤਰਾ ਭੱਤੇ, ਅਜਿਹੇ ਨਿਯਮਾਂ ਦੀ ਅਨੁਸਾਰਤਾ ਵਿੱਚ ਵਿਨਿਯਮਤ ਕੀਤੇ ਜਾਣਗੇ ਜਿਵੇਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਬਣਾਏ ਜਾਂ ਅਪਣਾਏ ਜਾਣ:

ਪਰੰਤੂ ਰਾਜ ਕਾਰ ਵਿੱਚ ਕੀਤੀ ਗਈ ਯਾਤਰਾ ਦੇ ਬਾਰੇ ਵਿੱਚ ਕੋਈ ਮੀਲ ਜਾਂ ਸਫ਼ਰ ਭੱਤਾ ਭਾਰਿਤ ਕਰਨਯੋਗ ਨਹੀਂ ਹੋਵੇਗਾ।

6-ੳ. x x x x x

ਉਪ-ਮੰਤਰੀਆਂ ਦਾ ਰਾਜ ਵਿਧਾਨ ਮੰਡਲ ਦੇ ਮੈਂਬਰਾਂ ਵਜੋਂ ਤਨਖ਼ਾਹ ਜਾਂ ਭੱਤੇ ਨ ਲੈਣਾ ।

7. ਇਸ ਐਕਟ ਅਧੀਨ ਤਨਖ਼ਾਹ ਅਤੇ ਭੱਤਾ ਪ੍ਰਾਪਤ ਕਰਨ ਵਾਲਾ ਵਿਅਕਤੀ ਰਾਜ ਵਿਧਾਨ ਮੰਡਲ ਦੁਆਰਾ ਆਪਣੀ ਮੈਂਬਰਸ਼ਿਪ ਦੇ ਬਾਰੇ ਵਿੱਚ ਰਾਜ ਵਿਧਾਨ ਮੰਡਲ ਦੁਆਰਾ ਉਪਬੰਧਤ ਕੀਤੇ ਗਏ ਫ਼ੰਡਾਂ ਵਿੱਚੋਂ ਕੋਈ ਤਨਖ਼ਾਹ ਜਾਂ ਭੱਤੇ ਦੇ ਰੂਪ ਵਿੱਚ ਕੋਈ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

ਅਨੁਲਾਭਾਂ ਦਾ ਆਮਦਨ-ਕਰ ਤੋਂ ਵੱਖ ਹੋਣਾ ।

7-ੳ. ਇਸ ਐਕਟ ਦੇ ਅਧੀਨ ਇੱਕ ਉਪ ਮੰਤਰੀ ਨੂੰ ਅਦਾਇਗੀਯੋਗ ਤਨਖ਼ਾਹ ਅਤੇ ਭੱਤੇ, ਅਤੇ ਉਸਨੂੰ ਮਿਲਣਯੋਗ ਮੁਫ਼ਤ ਸਜਿਆ ਹੋਇਆ ਘਰ ਅਤੇ ਹੋਰ ਅਨੁਲਾਭ, ਆਮਦਨ-ਕਰ ਤੋਂ ਵੱਖ ਹੋਣਗੇ, ਜੋ ਰਾਜ ਸਰਕਾਰ ਦੁਆਰਾ ਅਦਾਇਗੀਯੋਗ ਹੋਵੇਗਾ।

1956 ਦੇ ਆਰਡੀਨੈਂਸ ਨੰ. 3 ਦਾ ਨਿਰਸਨ ।

8. ਪੰਜਾਬ ਉਪ ਮੰਤਰੀਆਂ ਦੀਆਂ ਤਨਖ਼ਾਹਾਂ ਅਤੇ ਭੱਤੇ ਆਰਡੀਨੈਂਸ, 1956 ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3720/5-2026/Pb. Govt. Press, S.A.S. Nagar*